ਸ਼ੇਖ ਫ਼ਰੀਦ - ਸਬਦ ੨੨

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੮

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥

ਸਾਰ: ਪਿਆਰ ਅਤੇ ਇੱਛਾ ਆਪਸ ਵਿਚ ਜੁੜੇ ਹੋਏ ਭਾਸ ਸਕਦੇ ਹਨ, ਪਰ ਉਨ੍ਹਾਂ ਦਾ ਤੱਤਸਾਰ ਅਤੇ ਪ੍ਰਭਾਵ ਵੱਖੋ-ਵੱਖਰਾ ਹੁੰਦਾ ਹੈ। ਹਉਮੈ ਦੁਆਰਾ ਪ੍ਰੇਰਿਤ ਇੱਛਾ, ਕਬਜ਼ਾ ਅਤੇ ਨਿਯੰਤਰਣ ਕਰਨ ਦੀ ਕੋਸ਼ਿਸ਼ ਕਰਦੀ ਹੈ, ਜੋ ਲੋਭ ਪੈਦਾ ਕਰ ਦਿੰਦੀ ਹੈ। ਇਸਦੇ ਉਲਟ, ਪਿਆਰ ਨਿਰਸਵਾਰਥ ਦੇਣ ਅਤੇ ਸਵੀਕ੍ਰਿਤੀ ਵਰਗੇ ਸਦਗੁਣਾ ਤੋਂ ਉਪਜਦਾ ਹੈ, ਜੋ ਸਵੈ-ਚਿਨਣ ਵੱਲ ਲੈ ਜਾਂਦਾ ਹੈ। ਲੋਭ ਦੁਆਰਾ ਪ੍ਰੇਰਿਤ ਪਿਆਰ ਨਾ ਤਾਂ ਸੁਰਜੀਤ ਹੋ ਸਕਦਾ ਹੈ ਅਤੇ ਨਾ ਹੀ ਕਾਇਮ ਰਹਿ ਸਕਦਾ ਹੈ, ਕਿਉਂ ਕਿ ਲੋਭ ਦੀ ਸੁਭਾਵਿਕ ਪ੍ਰਵਿਰਤੀ ਹੀ ਧੋਖਾ ਕੇਂਦਰਿਤ ਹੈ, ਜੋ ਪਿਆਰ ਦੀ ਨਿਰਮਲਤਾ ਨੂੰ ਵਿਗਾੜਦੀ ਹੈ, ਅਤੇ ਇਸਨੂੰ ਸ਼ਰਤਾਂ ਅਤੇ ਨਾਜ਼ੁਕਤਾ ਦੀ ਕੈਦ ਵਿਚ ਪਾਉਂਦੀ ਹੈ।

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਫਰੀਦ ਕਹਿੰਦੇ ਹਨ ਕਿ ਲਾਲਚ ਭਰੇ ਇਰਾਦੇ ਵਿਚ ਕਿਸ ਤਰ੍ਹਾਂ ਦਾ ਪਿਆਰ ਹੋ ਸਕਦਾ ਹੈ? ਜਦੋਂ ਪਿਆਰ ਵਿਚ ਲੋਭ ਹੋਵੇ, ਤਾਂ ਇਹ ਧੋਖਾ ਕੇਂਦਰਿਤ ਹੁੰਦਾ ਹੈ।

ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥
ਮੀਂਹ ਵਿਚ ਛੱਪਰ ਦੀ ਛੱਤ ਕਿੰਨੀ ਦੇਰ ਤੱਕ ਟਿਕ ਸਕਦੀ ਹੈ? ਦ੍ਰਿਸ਼ਟਾਂਤ ਦੇ ਤੌਰ 'ਤੇ ਇਹ ਦਰਸਾਉਦਾ ਹੈ ਕਿ ਕੂੜ ਜੋਖਮ ਦੀ ਪ੍ਰੀਖਿਆ ਵਿਚ ਨਹੀਂ ਟਿਕ ਸਕਦਾ। (੧੮)

ਤੱਤ: ਸੇਖ ਫਰੀਦ ਇੱਕ ਦ੍ਰਿਸ਼ਾਂਟਤ ਰਾਹੀਂ ਸਮਝਾਉਂਦੇ ਹਨ ਕਿ ਲੋਭ ਕੇਂਦਰਿਤ ਪਿਆਰ ਗਿੱਲੀ ਮਿੱਟੀ ਨਾਲ ਲਿੱਪੀ ਹੋਈ ਛੱਪਰੀ ਵਰਗਾ ਹੁੰਦਾ ਹੈ; ਵੇਖਣ ਨੂੰ ਭਾਵੇਂ ਇਹ ਸਥਿਰ ਜਾਪੇ, ਪਰ ਤੂਫ਼ਾਨ ਇਸ ਦੀ ਅਸਲੀਅਤ ਨੂੰ ਉਜਾਗਰ ਕਰ ਦਿੰਦਾ ਹੈ। ਸਾਡੇ ਇਰਾਦਿਆਂ ਬਾਰੇ ਵਿਚਾਰ ਕਰਨ ਲਈ ਇਹ ਇੱਕ ਸ਼ਕਤੀਸ਼ਾਲੀ ਨੁਕਤਾ

ਹੈ। ਲਾਲਚ ਰੂਪੀ ਇੱਛਾਵਾਂ, ਜੋ ਪਿਆਰ ਦਾ ਰੂਪ ਸਮਝੀਆਂ ਜਾਂਦੀਆਂ ਹਨ, ਇਕ ਭਰਮ ਤੋਂ ਵਧੇਰੇ ਹੋਰ ਕੁਝ ਨਹੀਂ, ਬਲਕਿ ਖੋਖਲੀਆਂ ਅਤੇ ਛਿੰਨ ਭੰਗਰ ਹੁੰਦੀਆਂ ਹਨ, ਜੋ ਮੁਸਿਬਤ ਦਾ ਸਾਹਮਣਾ ਕਰਨ ਤੇ ਖੇਰੂੰ-ਖੇਰੂੰ ਹੋ ਜਾਂਦੀਆਂ ਹਨ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**